<u>ਇਸ ਪਾਲਸੀ ਵਿੱਚ, ਨਿਵੇਸ਼-ਸੂਚੀ ਵਿੱਚ ਨਿਵੇਸ਼ ਕਰਨ ਦਾ ਜੋਖਮ ਪਾਲਸੀਧਾਰਕ ਦੁਆਰਾ ਝੱਲਿਆ ਜਾਂਦਾ ਹੈ।</u>

''ਯੂਨਿਟ ਲਿੰਕਡ ਬੀਮਾ ਪ੍ਰੋਡਕਟ ਇਕਰਾਰਨਾਮੇ ਦੇ ਪਹਿਲੇ ਪੰਜ ਸਾਲਾਂ ਦੌਰਾਨ ਪੈਸੇ ਕਢਵਾਉਣ ਦੀ ਸਹੂਲਤ ਨਹੀਂ ਦਿੰਦੇ। ਪਾਲਸੀਧਾਰਕ ਯੂਨਿਟ ਲਿੰਕਡ ਬੀਮਾ ਪ੍ਰੋਡਕਟਾਂ ਵਿੱਚ ਨਿਵੇਸ਼ ਕੀਤੇ ਪੈਸੇ ਪੰਜਵੇਂ ਸਾਲ ਦੇ ਅੰਤ ਤਕ ਪੂਰੀ ਤਰ੍ਹਾਂ ਜਾਂ ਆਂਸ਼ਿਕ ਰੂਪ ਵਿੱਚ ਸਮਰਪਣ ਨਹੀਂ ਕਰ ਸਕਦੇ/ਕਢਵਾ ਨਹੀਂ ਸਕਦੇ।''

## ਕਿਉਂ ਐਸਬੀਆਈ ਲਾਈਫ਼ - ਸਰਲ ਇੰਸ਼ਿਉਰਵੈਲਥ ਪਲੱਸ?

ਤੁਹਾਡੇ ਲਈ ਤੁਹਾਡੇ ਪਰਿਵਾਰ ਦੀ ਖੁਸ਼ਹਾਲੀ ਅਤੇ ਸੁਰੱਖਿਆ ਹੀ ਸਭ ਤੋਂ ਪਹਿਲਾਂ ਹੈ, ਹੁਣ, ਤੁਸੀਂ ਤਣਾਅ ਮੁਕਤ ਜੀਵਨ ਜੀ ਸਕਦੇ ਹੋ ਐਸਬੀਆਈ ਲਾਈਫ਼ - ਸਰਲ ਇੰਸ਼ਿਉਰਵੈਲਥ ਪਲੱਸ ਦੇ ਨਾਲ, ਇੱਕ ਮਾਰਕੇਟ ਲਿੰਕਡ ਪਲਾਨ ਜੋ ਤੁਹਾਡੇ ਪਰਿਵਾਰ ਦਾ ਭਵਿੱਖ ਸੁਰੱਖਿਅਤ ਕਰਦੇ ਹੋਏ ਸੰਪਤੀ ਦਾ ਨਿਰਮਾਣ ਕਰੇ। ਐਸਬੀਆਈ ਲਾਈਫ਼ - ਸਰਲ ਇੰਸ਼ਿਉਰਵੈਲਥ ਪਲੱਸ ਇੱਕ ਨਿੱਜੀ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ, ਜੋ ਤੁਹਾਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਅਨੁਸ਼ਾਸਿਤ ਬੱਚਤ ਦੀ ਖ਼ੂਬੀ ਦੇ ਨਾਲ ਨਾਲ ਜੀਵਨ ਬੀਮਾ ਸੁਰੱਖਿਆ ਵੀ ਦਿੰਦਾ ਹੈ ਅਤੇ **ਸਿਸਟੇਮੈਟਿਕ ਮੰਥਲੀ ਵਿਦਡ੍ਰਾਵਲਜ਼*** ਦਾ ਲਾਭ ਉਠਾਉਣ ਦੀ ਸਹੂਲਤ ਦਿੰਦਾ ਹੈ।

## ਮੁੱਖ ਖ਼ੂਬੀਆਂ

- **ਈਜ਼ੀ ਮੰਥਲੀ ਇੰਸ਼ਿਓਰੈਂਸ** : ਇੱਕ ਚੁਣੇ ਹੋਏ ਸਮੇਂ ਤਕ ਇੱਕ ਨਿਸ਼ਚਿਤ ਮਾਸਿਕ ਰਕਮ ਇੱਕ ਪਾਸੇ ਰੱਖ ਕੇ ਧਨ ਜੋੜ ਕੇ ਆਪਣੇ ਸੁਪਨੇ/ਟੀਚੇ ਪੂਰੇ ਕਰੋ।
- **ਸੁਰੱਖਿਆ** : ਬਦਕਿਸਮਤੀ ਨਾਲ ਮੌਤ ਹੋਣ ਦੇ ਮਾਮਲੇ ਵਿੱਚ ਤੁਹਾਡੇ ਲਈ ਅਤੇ ਤੁਹਾਡੇ ਆਪਣਿਆਂ ਲਈ ਆਰਥਿਕ ਸੁਰੱਖਿਆ।
- **ਤੁਹਾਡੀ ਲੋੜ/ ਜੋਖਮ ਲੈਣ ਦੀ ਸਮਰੱਥਾ ਦੇ ਅਨੁਕੂਲ** : ਮੁਨਾਫ਼ੇ ਅਤੇ ਸੁਰੱਖਿਆ ਵਿਚਕਾਰ ਸੰਤੁਲਨ ਪ੍ਰਦਾਨ ਕਰਨ ਲਈ ਇਕਵਿਟੀ ਅਤੇ ਡੈੱਟ ਸਾਧਨਾਂ ਦੇ ਵੰਨ-ਸੁਵੰਨੇ ਸੁਮੇਲ ਵਿੱਚੋਂ 8 ਫ਼ੰਡ ਵਿਕਲਪਾਂ ਦੀ ਚੋਣ।
- **ਨਿਵੇਸ਼ ਦੀ ਸਹੂਲਤ** : ਆਪਣੇ ਨਿਵੇਸ਼ ਦਾ ਇਹਨਾਂ ਰਾਹੀਂ ਪ੍ਰਬੰਧਨ ਕਰੋ :
  - ਪਾਲਸੀ ਦੀ ਮਿਆਦ ਦੌਰਾਨ ਕਿਸੇ ਵੀ ਵੇਲੇ ਅਣਗਿਣਤ ਮੁਫ਼ਤ ਬਦਲੀਆਂ
  - ਦੂਜੇ ਪਾਲਸੀ ਮਹੀਨੇ ਤੋਂ ਲੈ ਕੇ ਪ੍ਰੀਮੀਅਮ ਦਾ ਅਣਗਿਣਤ ਵਾਰੀ ਮੁੜ-ਨਿਰਦੇਸ਼ਨ ਕਰੋ
- **ਆਪਣੇ ਫ਼ੰਡ ਮੁੱਲ ਵਿੱਚ ਵਾਧਾ ਕਰੋ** : ਲੌਯਲਟੀ ਵਾਧਿਆਂ ਰਾਹੀਂ#
- **ਸਿਸਟੇਮੈਟਿਕ ਮੰਥਲੀ ਵਿਦਡ੍ਰਾਵਲਜ਼*** : ਮਾਸਿਕ ਅਦਾਇਗੀਆਂ ਰਾਹੀਂ ਆਪਣੇ ਨਿਯਮਿਤ ਖ਼ਰਚੇ ਪੂਰੇ ਕਰੋ।
- **ਕਰ ਬੱਚਤਾਂ**** : ਤੁਸੀਂ ਭਾਰਤ ਵਿੱਚ ਲਾਗੂ ਆਮਦਨੀ ਕਰ ਕਾਨੂੰਨਾਂ ਅਨੁਸਾਰ ਆਮਦਨੀ ਕਰ ਲਾਭ/ਰਿਆਇਤਾਂ ਦੇ ਹੱਕਦਾਰ ਹੋ, ਜੋ ਸਮੇਂ-ਸਮੇਂ ਤੇ ਬਦਲੀ ਅਧੀਨ ਹਨ।
- **ਨਕਦੀਕਰਣ** : 5ਵੇਂ ਪਾਲਿਸੀ ਸਾਲ ਤੋਂ ਆਂਸ਼ਿਕ ਪੈਸੇ ਕਢਵਾ ਸਕਦੇ ਹੋ।

*11ਵੇਂ ਪਾਲਸੀ ਸਾਲ ਤੋਂ, ਬਸ਼ਰਤੇ ਸਾਰੇ ਬਕਾਇਆ ਪ੍ਰੀਮੀਅਮ ਭਰੇ ਗਏ ਹੋਣ ਅਤੇ ਪਾਲਸੀ ਜਾਰੀ ਹੋਵੇ।
**ਕਰ ਲਾਭ ਆਮਦਨੀ ਕਰ ਕਾਨੂੰਨਾਂ ਅਨੁਸਾਰ ਹਨ ਅਤੇ ਸਮੇਂ-ਸਮੇਂ ਤੇ ਬਦਲੀ ਅਧੀਨ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਤੋਂ ਸਲਾਹ ਲਓ।
#6ਵੇਂ ਪਾਲਸੀ ਸਾਲ ਤੋਂ ਅੱਗੇ, ਬਸ਼ਰਤੇ ਪਾਲਸੀ ਜਾਰੀ ਹੋਵੇ।

## ਉਦਾਹਰਣ

| ਵੇਰਵੇ | | |
|---|---|---|
| ਉਮਰ - 30 ਸਾਲ | ਪਾਲਸੀ ਦੀ ਮਿਆਦ - 25 ਸਾਲ<br>ਪ੍ਰੀਮੀਅਮ ਭਰਨ ਦੀ ਮਿਆਦ (ਪੀਪੀਟੀ) - 25 ਸਾਲ | |
| ਪ੍ਰੀਮੀਅਮ - ₹10,000 ਪ੍ਰਤੀ ਮਹੀਨਾ<br>ਫ਼ੰਡ - 100% ਇਕਵਿਟੀ ਫ਼ੰਡ | ਬੀਮੇ ਦੀ ਰਕਮ - ₹12,00,000 | |
| ਪਰਿਪੱਕਤਾ ਤੇ ਫ਼ੰਡ ਮੁੱਲ^ | @4% ₹39,64,305 | @8% ₹69,07,359 |

19ਵੇਂ ਪਾਲਸੀ ਸਾਲ ਦੇ ਸ਼ੁਰੂ ਵਿੱਚ ਬਦਕਿਸਮਤੀ ਨਾਲ ਪਾਲਸੀਧਾਰਕ ਦੀ ਮੌਤ ਹੋਣ ਦੇ ਮਾਮਲੇ ਵਿੱਚ ਫਰਜ਼ ਕੀਤੇ ਗਏ ਨਿਵੇਸ਼ ਦੇ ਮੁਨਾਫ਼ਿਆਂ ਦੇ ਅਧਾਰ ਤੇ ਮੌਤ ਤੋਂ ਬਾਅਦ ਲਾਭ ਹੇਠਾਂ ਦਿੱਤੀ ਗਈ ਸਾਰਣੀ ਅਨੁਸਾਰ ਮਿਲਦਾ ਹੈ :

| | | |
|---|---|---|
| 18ਵੇਂ ਸਾਲ ਦੇ ਅੰਤ ਵਿੱਚ ਮੌਤ ਬਾਅਦ ਲਾਭ | @4% ₹25,71,600 | @8% ₹37,72,227 |

^ਫ਼ੰਡ ਦੇ ਮੁੱਲ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਬਾਜ਼ਾਰ ਦੇ ਜੋਖਮਾਂ ਅਧੀਨ ਹਨ। ਇਸ ਪਾਲਸੀ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।

## ਪਲਾਨ ਦੇ ਵੇਰਵੇ

| | | |
|---|---|---|
| **ਦਾਖ਼ਲੇ ਵੇਲੇ ਉਮਰ$** | **ਘੱਟੋ-ਘੱਟ :** 0 ਸਾਲ (30 ਦਿਨ) | **ਵੱਧ ਤੋਂ ਵੱਧ :** 55 ਸਾਲ |
| **ਪਰਿਪੱਕਤਾ ਵੇਲੇ ਉਮਰ$** | **ਘੱਟੋ-ਘੱਟ :** 18 ਸਾਲ | **ਵੱਧ ਤੋਂ ਵੱਧ :** 65 ਸਾਲ |
| **ਪਲਾਨ ਦੀ ਕਿਸਮ** | ਰੈਗੂਲਰ ਪ੍ਰੀਮੀਅਮ ਪ੍ਰੋਡਕਟ | |
| **ਪਾਲਸੀ ਦੀ ਮਿਆਦ^** | 10, 15, 20 ਅਤੇ 25 ਸਾਲ | |
| **ਪ੍ਰੀਮੀਅਮ ਭਰਨ ਦਾ ਵਕਫ਼ਾ** | ਮਾਸਿਕ | |
| **ਪ੍ਰੀਮੀਅਮ ਭਰਨ ਦੀ ਮਿਆਦ (ਪੀਪੀਟੀ)** | ਪਾਲਸੀ ਦੀ ਮਿਆਦ ਦੇ ਬਰਾਬਰ | |
| **ਪ੍ਰੀਮੀਅਮ ਦੀ ਰਕਮ (₹100 ਦੇ ਗੁਣਜਾਂ ਵਿੱਚ)** | **ਘੱਟੋ-ਘੱਟ :** ₹8,000 ਪ੍ਰਤੀ ਮਹੀਨਾ | **ਵੱਧ ਤੋਂ ਵੱਧ :** ਕੋਈ ਸੀਮਾ ਨਹੀਂ ਜੋ ਬੋਰਡ ਦੁਆਰਾ ਮਨਜ਼ੂਰ ਅੰਡਰਰਾਈਟਿੰਗ ਪਾਲਸੀ ਦੇ ਅਧੀਨ। |
| **ਬੀਮੇ ਦੀ ਮੂਲ ਰਕਮ** | 10 x ਸਾਲਾਨਾ ਪ੍ਰੀਮੀਅਮ+<br>ਮੂਲ ਬੀਮੇ ਦੀ ਵੱਧ ਤੋਂ ਵੱਧ ਰਕਮ ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਅਨੁਸਾਰ ਹੋਵੇਗੀ। | |

$ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਤੇ ਉਮਰ ਅਨੁਸਾਰ ਹਨ।

+ਜਿੱਥੇ ਵਾਰਸ਼ੀਕ੍ਰਿਤ ਜਾਂ ਸਾਲ ਦੇ ਪ੍ਰੀਮੀਅਮ ਦਾ ਮਤਲਬ ਹੈ ਇਕ ਸਾਲ ਵਿੱਚ ਲਾਗੂ ਕਰ ਛੱਡ ਕੇ ਭਰੀ ਜਾਣ ਵਾਲੀ ਪ੍ਰੀਮੀਅਮ ਦੀ ਰਕਮ।

^ਬੀਮੇ ਵਾਲਾ ਵਿਅਕਤੀ ਨਾਬਾਲਗ ਹੋਣ ਦੇ ਮਾਮਲੇ ਵਿੱਚ, ਪਾਲਸੀ ਦੀ ਮਿਆਦ ਇਸ ਤਰ੍ਹਾਂ ਚੁਣਨੀ ਚਾਹੀਦੀ ਹੈ ਕਿ ਪਾਲਸੀ ਦੀ ਮਿਆਦ ਪੂਰੀ ਹੋਣ ਵੇਲੇ ਬੀਮੇ ਵਾਲਾ ਵਿਅਕਤੀ ਬਾਲਗ ਹੋਵੇ। ਬੀਮੇ ਵਾਲੇ ਅਜਿਹੇ ਨਾਬਾਲਗ ਵਿਅਕਤੀ ਦੇ ਮਾਮਲੇ ਵਿੱਚ, ਜਿਸ ਦੀ ਦਾਖ਼ਲੇ ਵੇਲੇ ਉਮਰ 8 ਸਾਲਾਂ ਤੋਂ ਘੱਟ ਹੋਵੇ, ਜੋਖਮ ਪਾਲਸੀ ਦੀ ਸ਼ੁਰੂਆਤ ਦੀ ਮਿਤੀ ਤੋਂ 1 ਪਾਲਸੀ ਸਾਲ ਅਤੇ 11 ਮਹੀਨੇ ਪੂਰੇ ਹੋਣ ਤੇ ਸ਼ੁਰੂ ਹੋਵੇਗਾ। ਦਾਖ਼ਲੇ ਵੇਲੇ ਉਮਰ 8 ਸਾਲ ਅਤੇ ਵੱਧ ਹੋਣ ਤੇ ਜੋਖਮ ਤੁਰੰਤ ਸ਼ੁਰੂ ਹੁੰਦਾ ਹੈ।

ਪਹਿਲੇ 5 ਪਾਲਸੀ ਸਾਲਾਂ ਵਿੱਚ ਸਮਰਪਣ ਦੀ ਬੇਨਤੀ ਦੇ ਮਾਮਲੇ ਵਿੱਚ, ਫ਼ੰਡ ਦਾ ਮੁੱਲ 6ਵੇਂ ਪਾਲਸੀ ਸਾਲ ਦੇ ਪਹਿਲੇ ਕਾਰੋਬਾਰੀ ਦਿਨ ਨੂੰ ਦਿੱਤਾ ਜਾਵੇਗਾ। ਸਮਰਪਣ ਦੀ ਬੇਨਤੀ 5 ਪਾਲਸੀ ਸਾਲਾਂ ਤੋਂ ਬਾਅਦ ਆਉਣ ਦੇ ਮਾਮਲੇ ਵਿੱਚ ਫ਼ੰਡ ਦਾ ਮੁੱਲ ਤੁਰੰਤ ਦੇ ਦਿੱਤਾ ਜਾਵੇਗਾ।

ਵੱਖ-ਵੱਖ ਖ਼ਰਚੇ, ਜਿਵੇਂ 'ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚੇ', 'ਫ਼ੰਡ ਦੇ ਪ੍ਰਬੰਧ ਦੇ ਖ਼ਰਚੇ' ਆਦਿ ਕੱਟੇ ਜਾਂਦੇ ਹਨ। ਖ਼ਰਚਿਆਂ ਦੀ ਪੂਰੀ ਸੂਚੀ ਅਤੇ ਉਹਨਾਂ ਦੀ ਕਾਰਜ-ਵਿਧੀ ਲਈ, ਕਿਰਪਾ ਕਰਕੇ ਵਿੱਕਰੀ ਪਰਚਾ ਵੇਖੋ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।



ਐਸਬੀਆਈ ਲਾਈਫ਼ - ਸਰਲ ਇੰਸ਼ਿਉਰਵੈਲਥ ਪਲੱਸ ਇੱਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਰਵਾਇਤੀ ਬੀਮਾ ਪਾਲਸੀਆਂ ਨਾਲੋਂ ਵੱਖਰੀਆਂ ਅਤੇ ਬਾਜ਼ਾਰ ਜੋਖਮ ਤੱਤਾਂ ਅਧੀਨ ਹਨ। ਯੂਨਿਟ ਲਿੰਕਡ ਬੀਮਾ ਪਾਲਸੀਆਂ ਵਿੱਚ ਭਰੇ ਪ੍ਰੀਮੀਅਮ, ਪੂੰਜੀ ਬਾਜ਼ਾਰ ਨਾਲ ਜੁੜੇ ਨਿਵੇਸ਼ ਜੋਖਮਾਂ ਅਧੀਨ ਹੁੰਦੇ ਹਨ ਅਤੇ ਯੂਨਿਟਾਂ ਦੇ ਐੱਨਏਵੀ ਫ਼ੰਡ ਦੀ ਕਾਰਗੁਜ਼ਾਰੀ ਅਤੇ ਪੂੰਜੀ ਬਾਜ਼ਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਅਨੁਸਾਰ ਵੱਧ ਜਾਂ ਘੱਟ ਹੋ ਸਕਦੇ ਹਨ ਅਤੇ ਪਾਲਸੀਧਾਰਕ/ਬੀਮੇ ਵਾਲਾ ਵਿਅਕਤੀ ਆਪਣੇ ਫ਼ੈਸਲਿਆਂ ਲਈ ਆਪ ਜ਼ਿੰਮੇਵਾਰ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਕੇਵਲ ਬੀਮਾ ਕੰਪਨੀ ਦਾ ਨਾਂ ਹੈ ਅਤੇ ਐਸਬੀਆਈ ਲਾਈਫ਼ - ਸਰਲ ਇੰਸ਼ਿਉਰਵੈਲਥ ਪਲੱਸ ਕੇਵਲ ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਤਰ੍ਹਾਂ ਪਾਲਸੀਆਂ ਦੇ ਮਿਆਰ, ਇਸ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਕਿਰਪਾ ਕਰਕੇ ਸਬੰਧਿਤ ਜੋਖਮ ਅਤੇ ਲਾਗੂ ਖ਼ਰਚੇ ਆਪਣੇ ਬੀਮਾ ਏਜੰਟ ਜਾਂ ਸਾਲਸ ਜਾਂ ਬੀਮਾ ਕੰਪਨੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਤੋਂ ਪਤਾ ਕਰੋ। ਇਸ ਇਕਰਾਰਨਾਮੇ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਫ਼ੰਡ ਦੇ ਵਿਕਲਪਾਂ ਦੀ ਪਿਛਲੀ ਕਾਰਗੁਜ਼ਾਰੀ ਭਵਿੱਖ ਦੀ ਕਾਰਗੁਜ਼ਾਰੀ ਦੀ ਸੂਚਕ ਨਹੀਂ ਹੈ। ਇਸ ਪਾਲਸੀ ਦੇ ਅਧੀਨ ਅਦਾਯੋਗ ਸਾਰੇ ਲਾਭ ਕਰ ਕਾਨੂੰਨਾਂ ਅਤੇ ਸਮੇਂ-ਸਮੇਂ ਤੇ ਲਾਗੂ ਦੂਜੇ ਆਰਥਿਕ ਕਾਨੂੰਨਾਂ ਦੇ ਅਧੀਨ ਹਨ। ਵੇਰਵਿਆਂ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਦੀ ਸਲਾਹ ਲਓ। ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.

NW/2H/ver1/01/22/SP/PUN